# ਪੰਜਾਬ ਵਿਧਾਨ ਸਭਾ

## ਤੇਰ੍ਹਵਾਂ ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 10 ਅਗਸਤ 2026

----

ਕੁੱਲ ਪ੍ਰਸ਼ਨ - 5

----

**ਦੇਸੀ ਬੀਜਾਂ ਦੀ ਸੰਭਾਲ, ਵਿਕਾਸ, ਪ੍ਰਚਾਰ ਕਿਸਾਨਾਂ ਨੂੰ ਉਪਲਬਧ ਕਰਵਾਉਣਾ**

**706 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਅਪ੍ਰੈਲ 2022 ਤੋਂ ਅੱਜ ਤੱਕ ਪੰਜਾਬ ਵਿੱਚ ਦੇਸੀ ਬੀਜਾਂ ਦੀ ਸੰਭਾਲ, ਵਿਕਾਸ, ਪ੍ਰਚਾਰ ਅਤੇ ਕਿਸਾਨਾਂ ਨੂੰ ਉਪਲਬਧ ਕਰਵਾਉਣ ਲਈ ਸਰਕਾਰ ਵੱਲੋਂ ਕੀ-ਕੀ ਕਦਮ ਚੁੱਕੇ ਗਏ ਹਨ; ਹੇਠ ਲਿਖੀ ਜਾਣਕਾਰੀ ਦਿੱਤੀ ਜਾਵੇ :-

**ੳ)** ਪੰਜਾਬ ਵਿੱਚ ਦੇਸੀ ਬੀਜਾਂ ਦੀ ਸੰਭਾਲ ਅਤੇ ਪ੍ਰਚਾਰ ਲਈ ਕਿਹੜੀਆਂ ਯੋਜਨਾਵਾਂ ਅਤੇ ਪ੍ਰੋਗਰਾਮ ਚਲਾਏ ਜਾ ਰਹੇ ਹਨ; ਉਨ੍ਹਾਂ ਦਾ ਵੇਰਵਾ ਦਿੱਤਾ ਜਾਵੇ;
**ਅ)** ਪੰਜਾਬ ਵਿੱਚ ਕਿਹੜੀਆਂ-ਕਿਹੜੀਆਂ ਫਸਲਾਂ ਦੇ ਦੇਸੀ ਬੀਜ ਸਰਕਾਰ ਕੋਲ ਉਪਲਬਧ ਹਨ; ਫਸਲ-ਵਾਰ ਅਤੇ ਕਿਸਮ-ਵਾਰ ਸੂਚੀ ਦਿੱਤੀ ਜਾਵੇ;
**ੲ)** ਦੇਸੀ ਬੀਜਾਂ ਦੀ ਸੰਭਾਲ ਅਤੇ ਉਤਪਾਦਨ ਲਈ ਕਿੰਨੇ ਸਰਕਾਰੀ ਕੇਂਦਰ, ਖੋਜ ਕੇਂਦਰ ਜਾਂ ਬੀਜ ਭੰਡਾਰ ਸਥਾਪਿਤ ਕੀਤੇ ਗਏ ਹਨ; ਉਨ੍ਹਾਂ ਦਾ ਜ਼ਿਲ੍ਹਾ-ਵਾਰ ਵੇਰਵਾ ਦਿੱਤਾ ਜਾਵੇ;
**ਸ)** ਇਸ ਮਿਆਦ ਦੌਰਾਨ ਕਿੰਨੇ ਕਿਸਾਨਾਂ ਨੂੰ ਦੇਸੀ ਬੀਜ ਮੁਹੱਈਆ ਕਰਵਾਏ ਗਏ ਹਨ; ਜ਼ਿਲ੍ਹਾ-ਵਾਰ, ਫਸਲ-ਵਾਰ ਅਤੇ ਗਿਣਤੀ ਸਮੇਤ ਵੇਰਵਾ ਦਿੱਤਾ ਜਾਵੇ;
**ਹ)** ਦੇਸੀ ਬੀਜਾਂ ਦੀ ਗੁਣਵੱਤਾ, ਸ਼ੁੱਧਤਾ ਅਤੇ ਸੰਭਾਲ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਗਏ ਹਨ;

**ਕ**) ਦੇਸੀ ਬੀਜਾਂ ਸਬੰਧੀ ਖੋਜ, ਕਿਸਾਨਾਂ ਦੀ ਸਿਖਲਾਈ ਅਤੇ ਜਾਗਰੂਕਤਾ ਲਈ ਕਿਹੜੇ ਪ੍ਰੋਗਰਾਮ ਚਲਾਏ ਗਏ ਹਨ? ਉਨ੍ਹਾਂ ਦਾ ਵੇਰਵਾ ਦਿੱਤਾ ਜਾਵੇ;

**ਖ**) ਕੀ ਪੰਜਾਬ ਵਿੱਚ ਪਿਛਲੇ ਸਾਲਾਂ ਦੌਰਾਨ ਲੁਪਤ ਹੋ ਰਹੀਆਂ ਦੇਸੀ ਬੀਜਾਂ ਦੀਆਂ ਕਿਸਮਾਂ ਦੀ ਪਛਾਣ ਕੀਤੀ ਗਈ ਹੈ; ਜੇ ਹਾਂ, ਤਾਂ ਉਨ੍ਹਾਂ ਦੀ ਸੂਚੀ ਅਤੇ ਉਨ੍ਹਾਂ ਨੂੰ ਸੰਭਾਲਣ ਲਈ ਕੀਤੇ ਗਏ ਉਪਰਾਲਿਆਂ ਦਾ ਵੇਰਵਾ ਦਿੱਤਾ ਜਾਵੇ;

**ਗ**) ਦੇਸੀ ਬੀਜਾਂ ਨੂੰ ਅਪਣਾਉਣ ਵਾਲੇ ਕਿਸਾਨਾਂ ਲਈ ਕੋਈ ਵਿੱਤੀ ਸਹਾਇਤਾ, ਪ੍ਰੋਤਸਾਹਨ ਜਾਂ ਵਿਸ਼ੇਸ਼ ਸਹੂਲਤ ਦਿੱਤੀ ਜਾ ਰਹੀ ਹੈ; ਜੇ ਹਾਂ, ਤਾਂ ਉਸ ਦਾ ਵੇਰਵਾ ਦਿੱਤਾ ਜਾਵੇ;

**ਘ**) ਕੀ ਸਰਕਾਰ ਭਵਿੱਖ ਵਿੱਚ ਪੰਜਾਬ ਦੀਆਂ ਰਵਾਇਤੀ ਦੇਸੀ ਬੀਜਾਂ ਦੀਆਂ ਕਿਸਮਾਂ ਨੂੰ ਸੰਭਾਲਣ, ਉਨ੍ਹਾਂ ਦੇ ਉਤਪਾਦਨ ਨੂੰ ਵਧਾਉਣ ਅਤੇ ਕਿਸਾਨਾਂ ਤੱਕ ਪਹੁੰਚਾਉਣ ਲਈ ਕੋਈ ਨਵੀਂ ਨੀਤੀ ਜਾਂ ਵਿਸ਼ੇਸ਼ ਯੋਜਨਾ ਲਾਗੂ ਕਰਨ ਦਾ ਇਰਾਦਾ ਰੱਖਦੀ ਹੈ; ਜੇ ਹਾਂ, ਤਾਂ ਉਸ ਦਾ ਵੇਰਵਾ, ਬਜਟ ਅਤੇ ਸਮਾਂ-ਸੀਮਾ ਦਿੱਤੀ ਜਾਵੇ?

----

## ਬਰਨਾਲਾ ਵਿਖੇ ਕੇਂਦਰੀ ਸਹਿਕਾਰੀ ਬੈਂਕ ਦਾ ਮੁੱਖ ਦਫਤਰ ਸਥਾਪਿਤ ਕਰਨਾ

711 **ਸ਼੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ (ਬਰਨਾਲਾ):**

**ਮੁੱਖ ਮੰਤਰੀ** := ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਵਿਖੇ ਕੇਂਦਰੀ ਸਹਿਕਾਰੀ ਬੈਂਕ ਦਾ ਕੋਈ ਮੁੱਖ ਦਫਤਰ ਨਹੀਂ ਹੈ; ਜੇਕਰ ਅਜਿਹਾ ਹੋਵੇ, ਤਾਂ ਇੱਥੇ ਮੁੱਖ ਦਫਤਰ ਸਥਾਪਿਤ ਕਰਨ ਦੀ ਕੋਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਪੰਜਾਬ ਵਿੱਚ ਮੰਡੀ ਬੋਰਡ ਵੱਲੋਂ ਬਣਾਈਆਂ/ਮੁਰੰਮਤ ਕੀਤੀਆਂ ਜਾਣ ਵਾਲੀਆਂ ਸੜਕਾਂ ਦੇ ਵੇਰਵੇ

712 **ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਮੰਡੀ ਬੋਰਡ ਵੱਲੋਂ ਬਣਾਈਆਂ ਜਾਂ ਮੁਰੰਮਤ ਕੀਤੀਆਂ ਜਾਣ ਵਾਲੀਆਂ ਸੜਕਾਂ ਦੇ ਕੰਮਾਂ ਵਿੱਚ ਠੇਕੇਦਾਰਾਂ ਨੂੰ ਕੰਮ ਮੁਕੰਮਲ ਕਰਨ ਲਈ ਕਾਫ਼ੀ ਲੰਬਾ ਸਮਾਂ ਦਿੱਤਾ ਜਾਂਦਾ ਹੈ, ਜਿਸ ਕਾਰਨ ਕਈ ਥਾਵਾਂ ਤੇ ਬੱਜਰੀ ਵਿਛਾਉਣ ਤੋਂ ਬਾਅਦ ਲੰਬੇ ਸਮੇਂ ਤੱਕ ਸੜਕ ਦੀ ਅੰਤਿਮ ਪਰਤ (ਤਾਰਕੋਲ/ਬਿਟੂਮਿਨ) ਨਹੀਂ ਪਾਈ ਜਾਂਦੀ ਅਤੇ ਲੋਕਾਂ ਨੂੰ ਧੂੜ, ਟ੍ਰੈਫਿਕ ਸਮੱਸਿਆਵਾਂ ਅਤੇ ਹਾਦਸਿਆਂ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ;

**ਅ**) ਕੀ ਸਰਕਾਰ ਕੋਲ ਬੱਜਰੀ ਵਿਛਾਉਣ ਤੋਂ ਬਾਅਦ ਸੜਕ ਦੀ ਅੰਤਿਮ ਪਰਤ ਪਾਉਣ ਲਈ ਕੋਈ ਵੱਧ ਤੋਂ ਵੱਧ ਨਿਰਧਾਰਤ ਸਮਾਂ-ਸੀਮਾ ਹੈ;

**ੲ**) ਕੀ ਸਰਕਾਰ ਇਸ ਸਮਾਂ-ਸੀਮਾ ਨੂੰ ਘਟਾ ਕੇ ਇਹ ਯਕੀਨੀ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ ਕਿ ਬੱਜਰੀ ਵਿਛਾਉਣ ਤੋਂ ਬਾਅਦ ਘੱਟ ਤੋਂ ਘੱਟ ਸਮੇਂ ਵਿੱਚ ਸੜਕ ਦਾ ਕੰਮ ਪੂਰਾ ਕੀਤਾ ਜਾਵੇ ; ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ;

**ਸ**) ਕੀ ਸਰਕਾਰ ਠੇਕੇ ਦੀਆਂ ਸ਼ਰਤਾਂ ਵਿੱਚ ਸੋਧ ਕਰਕੇ ਅਜਿਹੇ ਮਾਮਲਿਆਂ ਵਿੱਚ ਦੇਰੀ ਕਰਨ ਵਾਲੇ ਠੇਕੇਦਾਰਾਂ ਵਿਰੁੱਧ ਸਖ਼ਤ ਜੁਰਮਾਨੇ ਜਾਂ ਹੋਰ ਦੰਡਾਤਮਕ ਕਾਰਵਾਈ ਦਾ ਪ੍ਰਬੰਧ ਕਰਨ ਬਾਰੇ ਵਿਚਾਰ ਕਰ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਖਡੂਰ ਸਾਹਿਬ ਵਿੱਚੋਂ ਲੰਘਦੀਆਂ ਨਹਿਰਾਂ ਦੇ ਵੇਰਵੇ

**713** **ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):**

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :-**

ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਹਲਕਾ ਖਡੂਰ ਸਾਹਿਬ ਵਿੱਚੋਂ ਕੁੱਲ ਕਿੰਨੀਆਂ ਮੁੱਖ ਨਹਿਰਾਂ (Canals) ਲੰਘਦੀਆਂ ਹਨ, ਹਰ ਨਹਿਰ ਦਾ ਨਾਮ, ਹਲਕੇ ਅੰਦਰ ਉਸ ਦੀ ਲੰਬਾਈ ਅਤੇ ਕਿਹੜੇ-ਕਿਹੜੇ ਪਿੰਡਾਂ ਵਿੱਚੋਂ ਲੰਘਦੀ ਹੈ, ਇਸ ਦਾ ਵੇਰਵਾ ਦਿੱਤਾ ਜਾਵੇ;

**ਅ**) ਉਕਤ ਨਹਿਰਾਂ ਵਿੱਚੋਂ ਕੁੱਲ ਕਿੰਨੇ ਸੂਏ/ਡਿਸਟ੍ਰੀਬਿਊਟਰੀ/ਮਾਈਨਰ ਨਿਕਲਦੇ ਹਨ, ਹਰ ਸੂਏ ਦਾ ਨਾਮ, ਉਹ ਕਿਸ ਨਹਿਰ ਤੋਂ ਨਿਕਲਦਾ ਹੈ, ਕਿਹੜੇ-ਕਿਹੜੇ ਪਿੰਡਾਂ ਵਿੱਚੋਂ ਲੰਘਦਾ ਹੈ ਅਤੇ ਕਿਹੜੇ ਪਿੰਡਾਂ ਨੂੰ ਸਿੰਚਾਈ ਲਈ ਪਾਣੀ ਮੁਹੱਈਆ ਕਰਦਾ ਹੈ, ਇਸ ਦਾ ਵੇਰਵਾ ਦਿੱਤਾ ਜਾਵੇ;

**ੲ**) ਹਲਕਾ ਖਡੂਰ ਸਾਹਿਬ ਵਿੱਚ ਹੁਣ ਤੱਕ ਕੁੱਲ ਕਿੰਨੇ ਨਵੇਂ ਸੂਏ ਬਣਾਏ ਗਏ ਹਨ; ਹਰ ਸੂਏ ਦਾ ਨਾਮ, ਸੰਬੰਧਿਤ ਪਿੰਡ, ਲੰਬਾਈ, ਲਾਗਤ ਅਤੇ ਮੌਜੂਦਾ ਸਥਿਤੀ ਦਾ ਵੇਰਵਾ ਦਿੱਤਾ ਜਾਵੇ;

**ਸ**) ਹਲਕਾ ਖਡੂਰ ਸਾਹਿਬ ਅਧੀਨ ਕੁੱਲ ਸੂਆਂ ਵਿੱਚੋਂ ਕਿੰਨੇ ਪੱਕੇ (ਲਾਈਨਿੰਗ ਕੀਤੇ ਹੋਏ) ਹਨ; ਕਿੰਨੇ ਅਜੇ ਵੀ ਕੱਚੇ ਹਨ; ਇਸ ਦਾ ਸੂਆ-ਵਾਰ ਅਤੇ ਪਿੰਡ-ਵਾਰ ਵੇਰਵਾ ਦਿੱਤਾ ਜਾਵੇ;

**ਹ**) ਜਿਹੜੇ ਸੂਏ ਅਜੇ ਵੀ ਕੱਚੇ ਹਨ, ਉਨ੍ਹਾਂ ਨੂੰ ਪੱਕਾ ਕਰਨ ਲਈ ਵਿਭਾਗ ਕੋਲ ਕਿਹੜੀਆਂ ਪ੍ਰਸਤਾਵਾਂ ਹਨ; ਹਰ ਪ੍ਰਸਤਾਵ ਵਿੱਚ ਸੂਏ ਦਾ ਨਾਮ, ਸੰਬੰਧਿਤ ਪਿੰਡ, ਅਨੁਮਾਨਿਤ ਲਾਗਤ, ਮਨਜ਼ੂਰੀ ਦੀ ਸਥਿਤੀ ਅਤੇ ਕੰਮ ਪੂਰਾ ਕਰਨ ਦੀ ਸੰਭਾਵਿਤ ਸਮਾਂ-ਸੀਮਾ ਦੱਸੀ ਜਾਵੇ;

**ਕ**) ਹਲਕਾ ਖਡੂਰ ਸਾਹਿਬ ਵਿੱਚ ਕੁੱਲ ਕਿੰਨੇ ਮੋਗੇ (Canal Outlets) ਹਨ; ਹਰ ਮੋਗੇ ਦਾ ਨੰਬਰ, ਜਿਸ ਨਹਿਰ ਜਾਂ ਸੂਏ ਨਾਲ ਉਹ ਸੰਬੰਧਿਤ ਹੈ, ਅਤੇ ਉਹ ਕਿਹੜੇ-ਕਿਹੜੇ ਪਿੰਡਾਂ ਨੂੰ ਸਿੰਚਾਈ ਦਾ ਪਾਣੀ ਦਿੰਦਾ ਹੈ, ਇਸ ਦਾ ਵੇਰਵਾ ਦਿੱਤਾ ਜਾਵੇ?

----

## ਅਨੁਸੂਚਿਤ ਜਾਤੀਆਂ ਲਈ ਲਾਗੂ ਸਕੀਮਾਂ ਦੇ ਵੇਰਵੇ

**716** **ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :-**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ਕਿਰਪਾ ਕਰਕੇ ਦੱਸਿਆ ਜਾਵੇ ਕਿ 1 ਅਪ੍ਰੈਲ 2022 ਤੋਂ ਅੱਜ ਤੱਕ ਹਲਕਾ ਖਡੂਰ ਸਾਹਿਬ ਅਧੀਨ ਅਨੁਸੂਚਿਤ ਜਾਤੀ (Scheduled Castes) ਭਾਈਚਾਰੇ ਦੇ ਸਮਾਜਿਕ, ਆਰਥਿਕ, ਵਿਦਿਅਕ ਅਤੇ ਰੋਜ਼ਗਾਰ ਸਬੰਧੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਕਿਹੜੀਆਂ-ਕਿਹੜੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ;

ਜੇ ਹਾਂ, ਤਾਂ ਕਿਰਪਾ ਕਰਕੇ ਹੇਠ ਲਿਖੀ ਜਾਣਕਾਰੀ ਦਿੱਤੀ ਜਾਵੇ—

**ੳ**) ਹਲਕਾ ਖਡੂਰ ਸਾਹਿਬ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਲਈ ਲਾਗੂ ਸਾਰੀਆਂ ਸਰਕਾਰੀ ਸਕੀਮਾਂ ਦੇ ਨਾਮ, ਉਦੇਸ਼ ਅਤੇ ਯੋਗਤਾ ਦਾ ਵੇਰਵਾ ਦਿੱਤਾ ਜਾਵੇ;

**ਅ**) 1 ਅਪ੍ਰੈਲ 2022 ਤੋਂ ਅੱਜ ਤੱਕ ਹਰੇਕ ਸਕੀਮ ਅਧੀਨ ਹਲਕਾ ਖਡੂਰ ਸਾਹਿਬ ਲਈ ਕਿੰਨੀ ਰਕਮ ਮਨਜ਼ੂਰ ਕੀਤੀ ਗਈ, ਕਿੰਨੀ ਜਾਰੀ ਕੀਤੀ ਗਈ ਅਤੇ ਕਿੰਨੀ ਖਰਚ ਕੀਤੀ ਗਈ; ਸਕੀਮ-ਵਾਰ ਵੇਰਵਾ ਦਿੱਤਾ ਜਾਵੇ;

**ੲ**) ਹਰੇਕ ਸਕੀਮ ਅਧੀਨ ਹਲਕਾ ਖਡੂਰ ਸਾਹਿਬ ਦੇ ਕਿੰਨੇ ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ; ਪਿੰਡ-ਵਾਰ ਅਤੇ ਸਕੀਮ-ਵਾਰ ਵੇਰਵਾ ਦਿੱਤਾ ਜਾਵੇ;

**ਸ**) ਹਲਕਾ ਖਡੂਰ ਸਾਹਿਬ ਵਿੱਚ ਕਿਹੜੇ ਪਿੰਡਾਂ ਜਾਂ ਖੇਤਰਾਂ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਲਈ ਵਿਸ਼ੇਸ਼ ਵਿਕਾਸ ਕਾਰਜ, ਕਮਿਊਨਿਟੀ ਸੈਂਟਰ, ਹੁਨਰ ਵਿਕਾਸ, ਸਵੈ-ਰੋਜ਼ਗਾਰ ਜਾਂ ਹੋਰ ਪ੍ਰੋਜੈਕਟ ਚਲਾਏ ਗਏ ਹਨ; ਉਨ੍ਹਾਂ ਦਾ ਵੇਰਵਾ ਅਤੇ ਖਰਚ ਕੀਤੀ ਗਈ ਰਕਮ ਦਿੱਤੀ ਜਾਵੇ;

**ਹ**) ਕੀ ਹਲਕਾ ਖਡੂਰ ਸਾਹਿਬ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਲਈ ਕੋਈ ਨਵੀਆਂ ਸਕੀਮਾਂ, ਵਿਸ਼ੇਸ਼ ਪ੍ਰੋਜੈਕਟ ਜਾਂ ਵਾਧੂ ਵਿੱਤੀ ਸਹਾਇਤਾ ਪ੍ਰਸਤਾਵਿਤ ਹੈ; ਜੇ ਹਾਂ, ਤਾਂ ਉਸ ਦਾ ਵੇਰਵਾ, ਬਜਟ ਅਤੇ ਸੰਭਾਵਿਤ ਸਮਾਂ-ਸੀਮਾ ਦਿੱਤੀ ਜਾਵੇ;

**ਕ**) ਕੀ ਸਰਕਾਰ ਨੇ ਹਲਕਾ ਖਡੂਰ ਸਾਹਿਬ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਲੋੜਾਂ ਦਾ ਕੋਈ ਸਰਵੇਖਣ ਜਾਂ ਲੋੜਾਂ ਦਾ ਮੁਲਾਂਕਣ (Need Assessment) ਕਰਵਾਇਆ ਹੈ; ਜੇ ਹਾਂ, ਤਾਂ ਉਸ ਦੀਆਂ ਮੁੱਖ ਸਿਫ਼ਾਰਸ਼ਾਂ ਅਤੇ ਉਨ੍ਹਾਂ ਦੇ ਆਧਾਰ ’ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਦਿੱਤਾ ਜਾਵੇ?

----

**ਚੰਡੀਗੜ੍ਹ - 160001.** | **ਰਾਮ ਲੋਕ ਖਟਾਣਾ,**
**07 ਅਗਸਤ 2026.** | **ਸਕੱਤਰ**